1/10

(51)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-5 ਸਾਖਾ)

ਸੇਵਾ ਵਿਖੇ

ਡੀ.ਪੀ.ਆਈ. (ਸੈ:ਸਿ:)
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ।
ਪੰਜਾਬ, ਚੰਡੀਗੜ।

ਮੀਮੋ ਨੰ: 10/1/13-4ਸਿ5/ 327/

ਮਿਤੀ, ਚੰਡੀਗੜ23ਅਗਸਤ,2013

ਵਿਸ਼ਾ: ਡਾ: ਹਰਗੋਬਿੰਦ ਖੁਰਾਣਾ ਸਕਾਲਰਸਿਪ ਸਕੀਮ ਲਾਗੂ ਕਰਨ ਬਾਰੇ।

***

ਉਪਰੋਕਤ ਵਿਸੇ ਦੇ ਹਵਾਲੇ ਵਿਚ।

2. ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਨਵੀ ਸਕੀਮ ਡਾ. ਹਰਗੋਬਿੰਦ ਖੁਰਾਨਾ ਰਾਜ ਦੇ ਸਮੂਹ ਜਿਲਿਆ ਵਿੱਚ ਮਿਤੀ 1.8.13 ਤੋਂ ਸੁਰੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ। ਇਸ ਸਕੀਮ ਅਧੀਨ ਜਿਹੜੇ ਵਿਦਿਆਰਥੀ ਰਾਜ ਸਰਕਾਰ ਦੇ ਸਰਕਾਰੀ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਚਲਾਏ ਜਾ ਰਹੇ ਆਦਰਸ਼ ਸਕੂਲਾਂ ਜਿਹੜੇ ਕਿ ਪੀ.ਐਸ.ਈ.ਬੀ. ਰਾਹੀਂ ਐਫੀਲੇਟਿਡ ਹਨ ਦੇ ਵਿਦਿਆਰਥੀਆਂ ਜਿਨ੍ਹਾਂ ਨੇ ਦਸਵੀ ਦੀ ਪ੍ਰੀਖਿਆ ਵਿੱਚ 80% ਤੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ, ਨੂੰ 30,000/-ਰੁ: ਪ੍ਰਤੀ ਸਾਲ (2500/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਮਹੀਨਾਵਾਰ) ਉਹਨਾਂ ਦੀ ਦੋ ਸਾਲ ਸੀਨੀਅਰ ਸੈਕੰਡਰੀ ਸਿੱਖਿਆ ਲਈ ਸਕਾਲਰਸਿਪ ਦਿੱਤੀ ਜਾਵੇਗੀ ਅਤੇ ਵਿਦਿਆਰਥੀਆਂ ਦੇ ਰਿਜਲਟ ਦੀ ਤਸਦੀਕ ਸਬੰਧਤ ਸਿੱਖਿਆ ਬੋਰਡ ਵਲੋਂ ਕਰਵਾਈ ਜਾਵੇਗੀ। ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਹੀ ਹੋਵੇਗੀ ਅਤੇ ਇਹ ਰਾਸੀ ਸਿੱਧੇ ਤੌਰ ਤੇ ਵਿਦਿਆਰਥੀਆਂ ਦੇ ਬੈਂਕ ਅਕਾਊਟਾਂ ਵਿੱਚ ਈ ਟ੍ਰਾਂਸਫਰ ਰਾਹੀ ਪਾਈ ਜਾਏਗੀ।

3. ਇਸ ਸਕੀਮ ਅਧੀਨ ਹਰੇਕ ਵਿਦਿਆਰਥੀ ਨੂੰ ਮੁੱਖ ਮੰਤਰੀ, ਪੰਜਾਬ ਜੀ ਦੇ ਹਸਤਾਖਰਾ ਹੇਠ ਸਬੰਧਤ ਵਿਦਿਆਰਥੀ ਨੂੰ ਸਕਾਲਰਸਿਪ ਦੀ ਘੋਸਣਾ ਕਰਦੇ ਹੋਏ ਮਾਣ ਵਧਾਈ ਪੱਤਰ ਭੇਜਿਆ ਜਾਵੇਗਾ। ਉਹ ਪੱਤਰ ਵਿਦਿਆਰਥੀ ਵਲੋਂ ਸਬੰਧਤ ਬੈਂਕ , ਜਿਸ ਵਿਚ ਉਸ ਵਲੋਂ ਖਾਤਾ ਖੋਲਿਆ ਗਿਆ ਹੋਵੇ, ਨੂੰ ਪੇਸ਼ ਕੀਤਾ ਜਾਵੇਗਾ।

4. ਇਸ ਸਬੰਧੀ ਵਿਦਿਆਰਥੀਆਂ ਵਲੋਂ ਨਿਰਧਾਰਿਤ ਪ੍ਰੋਫਾਰਮੇ ਤੇ ਸੂਚਨਾ ਆਨ ਲਾਇਨ ਜਿਲਾ ਸਿੱਖਿਆ ਅਫਸਰ (ਸੈ:ਸਿ) ਰਾਹੀਂ ਪ੍ਰਾਪਤ ਕੀਤੀ ਜਾਵੇਗੀ। ਇਸ ਮੰਤਵ ਲਈ ਸਕੂਲ ਸਿੱਖਿਆ ਵਿਭਾਗ ਤੋਂ ਫੰਡ ਮੁਹੱਇਆ ਕਰਵਾਏ ਜਾਣਗੇ।

5. ਹਰ ਤਿਮਾਹੀ ਵਿਦਿਆਰਥੀਆਂ ਵੱਲੋਂ ਪੜ੍ਹਾਈ ਜਾਰੀ ਰੱਖਣ ਵਜੋ ਸਬੂਤ ਜਿਵੇ ਕਿ ਉਸ ਦੀਆਂ ਹਾਜਰੀਆ ਸ੍ਰੇਣੀ ਟੈਸਟਾਂ ਵਿੱਚੋ ਪ੍ਰਾਪਤ ਅੰਕ ਸਬੰਧਤ ਪ੍ਰਿੰਸੀਪਲ/ਸੰਸਥਾ ਦੇ ਮੁੱਖੀ ਵਲੋਂ ਸਬੰਧਤ ਜਿਲਾ ਸਿੱਖਿਆ ਅਫਸਰ ਨੂੰ ਮੁਹੱਈਆ ਕਰਵਾਉਣੇ ਹੋਣਗੇ।

ਇਹ ਪੱਤਰ ਆਮ ਰਾਜ ਪ੍ਰਬੰਧ ਵਿਭਾਗ(ਮੰਤਰੀ ਮੰਡਲ ਮਾਮਲੇ ਸਾਖਾ) ਵਲੋਂ ਉਨਾਂ ਦੇ ਅੰ:ਵਿ:ਪੱ:ਨੰ:1/182/2013-1ਕੈਬਿਨਟ/3319 ਮਿਤੀ 25.7.13 ਰਾਹੀਂ ਕਨਵੇ ਕੀਤੀ ਗਈ ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਵਿਸੇਸ ਸਕੱਤਰ ਸਕੂਲ ਸਿੱਖਿਆ।

ਚਲਦਾ...ਪੰਨਾ2

Scanned with CamScanner

ਪਿੱ:ਅੰ:ਨੰ: 10/1/13-4ਸਿ5/ 3272 ਮਿਤੀ: 23/08/2013

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਇਸ ਦਾ ਇਕ ਉਤਾਰਾ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨਾਂ ਦੇ ਅ:ਸ਼ਾ:ਪੱ:ਨੰ:1/182/2013-1ਕੈਬਨਿਟ/3319 ਮਿਤੀ 25.7.13 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਆਮ ਰਾਜ ਪ੍ਰਬੰਧ ਵਿਭਾਗ
(ਮੰਤਰੀ ਮੰਡਲ ਮਾਮਲੇ ਸ਼ਾਖਾ।

ਅ:ਸ਼ਾ:ਪੱ:ਨੰ: 10/1/13-4ਸਿ5/ 3273 ਮਿਤੀ: 23/08/2013